ਨਾਨਕ ਨਾਮ ਦਾ ਤਾਜ ਇਲਾਹੀ ਸੀਸ ਸਜਾਵਣ ਵਾਲਾ
ਜਿਸ ਦੀ ਹੋਂਦ ਚ ਸਬਦ ਗੁਰੂ ਦਾ ਜਗੇ ਪੁਨੀਤ ਉਜਾਲਾ
ਸਦਾ ਸਦਾ ਪੁਰਨੂਰ ਰਹੇ
ਗੁਰੂ ਨਾਨਕ ਦੇਵ ਵਿਸ਼ਵ ਵਿਦਿਆਲਾ
ਸਦਾ ਸਦਾ ਪੁਰਨੂਰ ਰਹੇ
ਗੁਰੂ ਨਾਨਕ ਦੇਵ ਵਿਸ਼ਵ ਵਿਦਿਆਲਾ

ਅਨਹਤ ਨਾਦ ਬਜੇ
ਆਹਤ ਜਲਨ ਬੁਝੇ
ਅੰਮ੍ਰਿਤ ਸ਼ਬਦ ਵਰ੍ਹੇ
ਤਨ ਮਨ ਥੀਣ ਹਰੇ

ਧਰਤੀ ਅੰਬਰ ਪਵਨ ਸਮੁੰਦਰ, ਸੂਰਜ ਚੰਦ ਸਿਤਾਰੇ
ਇਕ ਦੀ ਧੁਨ ਵਿਚ ਗਾਵਣ ਵਾਵਨ ,ਰਾਗ ਇਲਾਹੀ ਸਾਰੇ
ਸਤਿ ਸੁਹਾਣ ਸਦਾ ਮਨ ਚਾਉ, ਇਹ ਗੁਰ-ਵਾਕ ਉਜਾਲਾ
ਸਦਾ ਰਹੇ ਪਰਗਾਸ ਰੂਪ
ਗੁਰੂ ਨਾਨਕ ਦੇਵ ਵਿਸ਼ਵ ਵਿਦਿਆਲਾ
ਸਦਾ ਰਹੇ ਪਰਗਾਸ ਰੂਪ
ਗੁਰੂ ਨਾਨਕ ਦੇਵ ਵਿਸ਼ਵ ਵਿਦਿਆਲਾ

ਅਨਹਤ ਨਾਦ ਬਜੇ
ਆਹਤ ਜਲਨ ਬੁਝੇ
ਅੰਮ੍ਰਿਤ ਸ਼ਬਦ ਵਰ੍ਹੇ
ਤਨ ਮਨ ਥੀਣ ਹਰੇ

ਚਿੰਤਕ, ਸਿਰਜਕ, ਰਸਿਕ, ਵਿਨੋਦੀ ,ਸਹਿਜ, ਨਿਮਰ, ਵਿਸਮਾਦੀ,
ਨਿਰਮਲ, ਨਿਰਭਉ ਸੱਚ ਦਾ ਖੋਜੀ ਵਿਗਸੇ ਆਦਿ ਜੁਗਾਦੀ
ਰੌਸ਼ਨ ਹੋ ਵੰਡੇ ਰੁਸ਼ਨਾਈ ,ਦਿੱਖਿਆ ਪਾਵਣ ਵਾਲਾ
ਸਦਾ ਸਦਾ ਪੁਰਨੂਰ ਰਹੇ
ਗੁਰੂ ਨਾਨਕ ਦੇਵ ਵਿਸ਼ਵ ਵਿਦਿਆਲਾ
ਸਦਾ ਸਦਾ ਪੁਰਨੂਰ ਰਹੇ
ਗੁਰੂ ਨਾਨਕ ਦੇਵ ਵਿਸ਼ਵ ਵਿਦਿਆਲਾ

ਅਨਹਦ ਸਬਦ ਬਜੇ
ਆਹਤ ਜਲਨ ਬੁਝੇ
ਅੰਮ੍ਰਿਤ ਸ਼ਬਦ ਵਰ੍ਹੇ
ਤਨ ਮਨ ਥੀਣ ਹਰੇ

ਜਿੱਥੇ ਮਿਲਦੀ ਓਟ ਨਿਓਟਿਆਂ ਪਾਉਂਦੇ ਮਾਣ ਨਿਮਾਣੇ
ਉਹ ਦਰ ਉਸਦਾ, ਉਹ ਘਰ ਉਸਦਾ, ਇਹ ਗੁਰ-ਵਾਕ ਵਖਾਣੇ
ਓਥੇ ਨਦਰ ਮਿਹਰ ਦੀ ਹੋਵੇ ਜਿੱਥੇ ਨੀਚ ਸਮਾਲਾ
ਸਦਾ ਸਦਾ ਪੁਰਨੂਰ ਰਹੇ
ਗੁਰੂ ਨਾਨਕ ਦੇਵ ਵਿਸ਼ਵ ਵਿਦਿਆਲਾ

ਸਦਾ ਸਦਾ ਪੁਰਨੂਰ ਰਹੇ
ਗੁਰੂ ਨਾਨਕ ਦੇਵ ਵਿਸ਼ਵ ਵਿਦਿਆਲਾ

ਅਨਹਤ ਨਾਦ ਬਜੇ
ਆਹਤ ਜਲਨ ਬੁਝੇ
ਅੰਮ੍ਰਿਤ ਸ਼ਬਦ ਵਰ੍ਹੇ
ਤਨ ਮਨ ਥੀਣ ਹਰੇ
ਤਨ ਮਨ ਥੀਣ ਹਰੇ
ਤਨ ਮਨ ਥੀਣ ਹਰੇ...